(i) Printed Pages : 4 Roll No. ..................................

(ii) Questions : 8

**Sub. Code : 0 2 1 0**

**Exam. Code : 0 0 0 3**

**B.A./B.Sc. 3rd Semester**

**PUNJABI (Elective)**

**Time Allowed : Three Hours] [Maximum Marks : 90**

**ਨੋਟ :-** (i) ਲਿਖਾਈ ਸਾਫ਼ ਅਤੇ ਸਪਸ਼ਟ ਹੋਣੀ ਚਾਹੀਦੀ ਹੈ।

(ii) ਸਵਾਲਾਂ ਦੇ ਉੱਤਰ ਭਾਵ-ਪੂਰਤ ਅਤੇ ਸਪਸ਼ਟ ਹੋਣੇ ਚਾਹੀਦੇ ਹਨ।

(iii) ਸਾਰੇ ਉੱਤਰ ਪ੍ਰਸ਼ਨ-ਪੱਤਰ ਅਨੁਸਾਰ ਕ੍ਰਮਵਾਰ ਹੱਲ ਕੀਤੇ ਜਾਣ।

1. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(i) ਏਡਾ ਮਾਨ ਨਾ ਕਰੀਏ, ਡਰੀਏ ਕਾਦਰੋਂ।
ਕੇਨੀ ਭਰ ਭਰ ਗਈ ਸਮੁੰਦਰੋ ਸਾਗਰੋਂ।
ਅਣਲੋੜੀਂਦੇ ਢੇਰ ਲੋੜੀਂਦੇ ਜਾਨ ਮਾਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਞ ਕਰ।

(ii) ਜਾਂ ਮੈਂ ਸਬਕ ਇਸ਼ਕ ਦਾ ਪੜਿਆ,
ਮਸਜਦ ਕੋਲੋ ਜੀਉੜਾ ਡਰਿਆ,
ਭੱਜ-ਭੱਜ ਠਾਕਰ ਦਵਾਰੇ ਵੜਿਆ,
ਘਰ ਵਿੱਚ ਪਾਇਆ ਮਹਿਰਮ ਯਾਰ,
ਇਸ਼ਕ ਦੀ ਨਵੀਉਂ ਨਵੀਂ ਬਹਾਰ। 10

2. ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਲਿਖੋ :

(i) ਹੁਣ ਬੱਸ ਕਰ ਜੀ (ਬੁੱਲ੍ਹੇ ਸ਼ਾਹ)

(ii) ਕਰਨਾਲ ਦੀ ਲੜਾਈ (ਨਜਾਬਤ) 10

3. 'ਸੱਚੋ ਸੱਚ' ਸਫ਼ਰਨਾਮੇ ਦਾ ਵਿਸ਼ਾ-ਵਸਤੂ ਸੱਪਸ਼ਟ ਕਰੋ।

**ਜਾਂ**

'ਸੱਚੋ ਸੱਚ' ਸਫ਼ਰਨਾਮੇ ਦੀ ਸਾਹਿਤਕ ਪਰਖ ਕਰੋ। 10

4. 'ਦੁਨੀਆ ਦਾ ਸਭ ਤੋਂ ਵੱਡਾ ਮੇਲਾ' ਕਾਂਡ ਵਿੱਚ ਲੇਖਕ ਨਰਿੰਦਰ ਕਪੂਰ ਨੇ ਜੋ ਵਿਚਾਰ ਪੇਸ਼ ਕੀਤੇ ਹਨ। ਉਨ੍ਹਾਂ ਨੂੰ ਸੰਖੇਪ ਕਰਕੇ ਲਿਖੋ।

**ਜਾਂ**

'ਕੰਮ ਦੀ ਕਰਾਮਾਤ' ਕਾਂਡ ਵਿੱਚ ਲੇਖਕ ਨੇ ਜੋ ਵਿਚਾਰ ਪੇਸ਼ ਕੀਤੇ ਹਨ, ਉਨ੍ਹਾਂ ਦਾ ਸਾਰ ਲਿਖੋ। 10

5. ਕਿਸੇ **ਪੰਜ** ਪ੍ਰਸ਼ਨਾਂ ਦੇ ਲਘੂ ਉੱਤਰ ਲਿਖੋਂ :

(i) ਬਾਦਸ਼ਾਹ ਸਿਕੰਦਰ ਨਾਲ ਕੀ ਵਾਪਰਿਆ ਸੀ ?

(ii) ਭਾਬੀਆਂ ਨੇ ਰਾਂਝੇ ਨੂੰ ਕੀ ਮਿਹਣੇ ਮਾਰੇ ?

(iii) ਨਾਦਰ ਸ਼ਾਹ ਦੇ ਵਜ਼ੀਰ ਦਾ ਨਾਂ ਕੀ ਸੀ ? ਉਸ ਨੇ ਨਾਦਰਸ਼ਾਹ ਨੂੰ ਕੀ ਸਲਾਹ ਦਿੱਤੀ ?

(iv) ਮਹਾਂ ਸਿੰਘ ਨੇ ਕਿਲ੍ਹੇ ਵਿੱਚ ਵੜਨ ਲਈ ਕੀ ਕੀਤਾ ?

(v) ਅਮਰੀਕਾ ਕਿਹੋ ਜਿਹੇ ਲੋਕਾਂ ਦਾ ਦੇਸ਼ ਹੈ ?

(vi) ਲੇਖਕ ਕਈ ਵਾਰੀ ਇਹ ਸੋਚਣ ਲਈ ਕਿਉਂ ਮਜ਼ਬੂਰ ਹੋਇਆ ਹੈ ਕਿ ਚਿੱਟੀ ਚਮੜੀ ਵਾਲੇ ਲੋਕ ਸ਼ਾਇਦ ਸਾਡੇ ਨਾਲੋਂ ਉਚੇਰੀ ਨਸਲ ਦੇ ਹਨ ?

(vii) ਲੇਖਕ ਪੈਰਿਸ ਨੂੰ ਮਹਿੰਗਾ ਸ਼ਹਿਰ ਦੱਸਦਾ ਹੈ ਕਿਵੇਂ ?

(viii) ਹਾਲੀਵੁੱਡ ਵਿੱਚ ਬਣੇ ਫਿਲਮ ਸਟੂਡੀਓ ਵਿੱਚ ਕੀ ਵਿਖਾਇਆ ਜਾਂਦਾ ਹੈ ? 5×2=10

6. ਕਿਸੇ **ਚਾਰ** ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(i) ਬੁੱਲੇ ਸ਼ਾਹ ਦੀ ਰਚਨਾ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।

(ii) ਬੁੱਲੇ ਸ਼ਾਹ ਦੀ ਰਚਨਾ ਦੀਆਂ ਕੀ ਵਿਸ਼ੇਸ਼ਤਾਈਆਂ ਹਨ ?

(iii) ਵਾਰਿਸ ਸ਼ਾਹ ਦੇ ਕਿੱਸੇ 'ਹੀਰ' ਦੀਆਂ ਵਿਸ਼ੇਸ਼ਤਾਵਾਂ ਦੱਸੋ।

(iv) ਕਾਦਰਯਾਰ ਦੀਆਂ ਰਚਨਾਵਾਂ ਦੇ ਨਾਂ ਲਿਖੋ।

(v) ਮੱਧ-ਕਾਲ ਵਿੱਚ ਕਿਨ੍ਹਾਂ-ਕਿਨ੍ਹਾਂ ਪ੍ਰੀਤ ਕਹਾਣੀਆਂ ਨੂੰ ਮੁੱਖ ਰੱਖ ਕੇ ਕਿੱਸੇ ਲਿਖੇ ਗਏ ?

(vi) ਮੱਧ-ਕਾਲ ਯੂਸਫ-ਜ਼ੁਲੈਖਾਂ ਦੇ ਕਿੱਸੇ ਦੀ ਕਿਹੜੇ-ਕਿਹੜੇ ਕਵੀਆਂ ਨੇ ਰਚਨਾ ਕੀਤੀ ? 4×5=20

7. ਰਸ ਨੂੰ ਪਰਿਭਾਸ਼ਿਤ ਕਰਦੇ ਹੋਏ ਇਸ ਦਾ ਵਰਗੀਕਰਨ ਕਰੋ।

**ਜਾਂ**

ਵਕ੍ਰੋਕਤੀ ਸੰਪਰਦਾਇ ਨਾਲ ਸੰਖੇਪ ਜਾਣ-ਪਛਾਣ ਕਰਾਉ। 10

8. ਕਿਸੇ **ਦੋ** ਭਾਸ਼ਾ-ਵੰਨਗੀਆਂ ਨਾਲ ਜਾਣ-ਪਛਾਣ ਕਰਾਉ :

(i) ਟਕਸਾਲੀ ਭਾਸ਼ਾ

(ii) ਅਪ ਭਾਸ਼ਾ

(iii) ਪਿਜ਼ਨ ਭਾਸ਼ਾ

(iv) ਕਰਿਉਲ ਭਾਸ਼ਾ। 5×2=10